ਦਫ਼ਤਰ: ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਭ ਤੇ ਮ ਸਾਖਾ, ਰੂਪਨਗਰ
ਈ-ਮੇਲ:- pwdropar@yahoo.co.in

ਵੱਲ

ਪ੍ਰਿੰਸੀਪਲ,
ਸਤਲੁਜ ਪਬਲਿਕ ਸਕੂਲ,
ਹੁਸੈਨਪੁਰ, ਰੂਪਨਗਰ।

ਪੱਤਰ ਨੰਬਰ: 9327 ਮਿਤੀ: 10/09/2024

ਵਿਸ਼ਾ:- **ਸਾਲ 2024-2025 ਲਈ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।**
ਹਵਾਲਾ- ਆਪ ਦਾ ਪੱਤਰ ਨੰਬਰ SPS/ADM/2024/1771 ਮਿਤੀ 27-05-2024,ਪੱਤਰ ਨੰਬਰ SPS / ADM / 2024/1774 ਮਿਤੀ 12-06-2024

ਉਪਰੋਕਤ ਵਿਸੇ ਦੇ ਸਬੰਧ ਵਿੱਚ ਹਵਾਲੇ ਅਧੀਨ ਪੱਤਰ ਰਾਹੀ ਆਪ ਵੱਲੋ ਭੇਜੇ ਗਏ ਨਕਸੇ ਅਨੁਸਾਰ ਉਪ ਮੰਡਲ ਇੰਜੀਨੀਅਰ , ਉਸਾਰੀ ਉਪ ਮੰਡਲ ਨੰ: 2, ਭ ਤੇ ਮ ਸਾਖਾ , ਰੂਪਨਗਰ ਵੱਲੋ ਸਕੂਲ ਦੀ ਬਿਲਡਿੰਗ ਦਾ ਨਿਰੀਖਣ ਕੀਤਾ ਗਿਆ ਅਤੇ ਨਿਰੀਖਣ ਦੌਰਾਨ ਇਹ ਇਮਾਰਤ ਬਾਹਰੀ ਦਿੱਖ ਤੋਂ ਵਰਤੋਂ ਯੋਗ ਸੇਫ ਪਾਈ ਗਈ। ਇਸ ਲਈ ਇਸ ਬਿਲਡਿੰਗ ਦਾ ਸਾਲ 2024-2025 (31-3-25) ਤੱਕ ਬਿਲਡਿੰਗ ਸੇਫਟੀ ਸਰਟੀਫਿਕੇਟ ਹੇਠ ਲਿਖੀਆਂ ਸਰਤਾਂ ਤੇ ਜਾਰੀ ਕੀਤਾ ਜਾਂਦਾ ਹੈ।

1) ਸਕੂਲ ਬਿਲਡਿੰਗ ਦੀ ਬਾਹਰੀ ਦਿੱਖ ਤੋਂ ਅੰਦਰੂਨੀ ਸਟਰਕਚਰਲ ਸਟੇਬਿਲਟੀ ਚੈਕ ਨਹੀਂ ਕੀਤੀ ਜਾ ਸਕਦੀ। ਇਸ ਲਈ ਜੇਕਰ ਕਿਸੇ ਵੀ ਸਮੇਂ ਬਿਲਡਿੰਗ ਦੇ ਸਟਰਕਚਰਲ ਡਿਜਾਈਨ ਵਿੱਚ ਕਮੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ, ਤਾਂ ਇਸ ਲਈ ਸਕੂਲ ਅਥਾਰਟੀ ਖੁਦ ਜਿਮੇਵਾਰ ਹੋਵੇਗੀ।
2) ਜੇਕਰ ਆਪ ਵੱਲੋਂ ਕਿਸੇ ਵੀ ਤਰ੍ਹਾਂ ਦੀ ਅਡੀਸਨ /ਆਲਟਰੇਸਨ ਅਤੇ ਮੋਡੀਫਿਕੇਸਨ ਕੀਤੀ ਜਾਂਦੀ ਹੈ ਤਾਂ ਉਹ ਕਿਸੀ ਟੈਕਨੀਕਲ ਕੁਆਲੀਫਾਈਡ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਈ ਜਾਵੇ ਅਤੇ ਉਸ ਇੰਜੀਨੀਅਰ ਤੋਂ ਸਰਟੀਫਿਕੇਟ ਲਿਆ ਜਾਵੇ ਕਿ ਇਸ ਅਡੀਸਨ /ਆਲਟਰੇਸਨ ਅਤੇ ਮੋਡੀਫਿਕੇਸਨ ਕਰਨ ਨਾਲ ਬਿਲਡਿੰਗ ਸਟਰਕਚਰਲੀ ਸੇਫ ਰਹੇਗੀ ਅਤੇ ਇਹ ਕੰਮ ਕਰਨ ਤੋਂ ਬਾਅਦ ਦੁਬਾਰਾ ਤੋਂ ਬਿਲਡਿੰਗ ਸੇਫਟੀ ਸਰਟੀਫਿਕੇਟ ਲਿਆ ਜਾਵੇ।
3) ਜੇਕਰ ਬਿਲਡਿੰਗ ਨੂੰ ਹੜ੍ਹ / ਕੁਦਰਤੀ ਆਫਤਾਂ ਕਾਰਨ ਕੋਈ ਨੁਕਸਾਨ ਅਤੇ ਦੀਵਾਰਾਂ / ਨੀਹਾਂ ਵਿੱਚ ਕਿਸੇ ਤਰ੍ਹਾਂ ਦੀ ਸੈਟਲਮੈਂਟ ਅਤੇ ਛੱਤਾਂ ਵਿੱਚ ਸੈਗਿੰਗ ਆਉਦੀ ਹੈ ਤਾਂ ਆਪ ਵੱਲੋਂ ਇਸ ਵਿਭਾਗ ਦੇ ਧਿਆਨ ਵਿੱਚ ਲਿਆਂਦੀ ਜਾਵੇ।

ਨੱਥੀ/ ਨਿੱਲ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਭ ਤੇ ਮ ਸਾਖਾ,
ਰੂਪਨਗਰ।

ਪਿੱਠ ਅੰਕਣ ਨੰ:
ਮਿਤੀ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ , ਉਸਾਰੀ ਉਪ ਮੰਡਲ ਨੰ: 2 ਭ ਤੇ ਮ ਸਾਖਾ, ਰੂਪਨਗਰ ਨੂੰ ਉਨਾਂ ਦੇ ਪੱਤਰ ਨੰਬਰ 678 ਮਿਤੀ 3 -09-2024 ਦੇ ਸਬੰਧ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਨੱਥੀ/ ਨਿੱਲ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਭ ਤੇ ਮ ਸਾਖਾ,
ਰੂਪਨਗਰ।